# ਪੰਜਾਬ ਵਿਧਾਨ ਸਭਾ ਸਕੱਤਰੇਤ

## ਸੋਮਵਾਰ, ਮਿਤੀ 06 ਮਾਰਚ, 2023 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।

**ਸਰਕਾਰੀ ਸਹਾਇਤਾ ਪ੍ਰਾਪਤ ਏਡਿਡ ਸਕੂਲਾਂ ਵਿੱਚ SC/BC ਲਈ ਰਿਜ਼ਰਵੇਸ਼ਨ ਪਾਲਿਸੀ ਲਾਗੂ ਕਰਨਾ**

87. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਦੀਆਂ ਸੇਵਾਵਾਂ ਅਤੇ ਅਸਾਮੀਆਂ ਵਿੱਚ ਭਰਤੀ ਅਤੇ ਤਰੱਕੀ ਸਮੇਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਲਈ ਰਿਜ਼ਰਵੇਸ਼ਨ ਪਾਲਿਸੀ ਨੂੰ ਰਾਜ ਤੋਂ ਸਰਕਾਰੀ ਸਹਾਇਤਾ ਪ੍ਰਾਪਤ ਕਰਨ ਵਾਲੇ (ਏਡਿਡ) ਸਕੂਲਾਂ ਵਿੱਚ ਭਰਤੀ ਕੀਤੇ ਜਾਂਦੇ ਅਮਲੇ ਵਿੱਚ ਇੰਨ-ਬਿੰਨ ਲਾਗੂ ਕੀਤਾ ਜਾ ਰਿਹਾ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਜਨਵਰੀ, 2007 ਤੋਂ ਹੁਣ ਤੱਕ ਰਾਜ ਦੇ ਏਡਿਡ ਸਕੂਲਾਂ ਵਿੱਚ ਭਰਤੀ ਕੀਤੇ ਗਏ ਟੀਚਿੰਗ ਅਤੇ ਨਾਨ ਟੀਚਿੰਗ ਕਰਮਚਾਰੀਆਂ ਦੀ ਕੁੱਲ ਗਿਣਤੀ ਅਤੇ ਉਨ੍ਹਾਂ ਵਿੱਚੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਕਰਮਚਾਰੀਆਂ ਦੀ ਗਿਣਤੀ ਕਿੰਨੀ-ਕਿੰਨੀ ਹੈ, ਜੇਕਰ ਨਹੀਂ ਤਾਂ ਭਰਤੀ ਵਿੱਚ ਰਿਜ਼ਰਵੇਸ਼ਨ ਪਾਲਿਸੀ ਅਨੁਸਾਰ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਲੋੜੀਂਦੀ ਪ੍ਰਤੀਨਿਧਤਾ ਕਦੋਂ ਤੱਕ ਦੇ ਦਿੱਤੀ ਜਾਵੇਗੀ ਅਤੇ ਸੰਵਿਧਾਨਿਕ ਰਿਜ਼ਰਵੇਸ਼ਨ ਪਾਲਿਸੀ ਦੀ ਉਲੰਘਣਾ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਰਾਜ ਦੇ ਪਿੰਡਾਂ ਵਿੱਚ ਕੈਟਲ ਸ਼ੈਡਾਂ ਦੇ ਵੇਰਵੇ**

89. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ ਅਪ੍ਰੈਲ, 2017 ਤੋਂ 2022 ਹੁਣ ਤੱਕ ਰਾਜ ਦੇ ਕਿੰਨੇ ਪਿੰਡਾਂ ਵਿੱਚ ਜ਼ਿਲ੍ਹਾਵਾਰ ਕਿੰਨੇ-2 ਕਿਸ-2 ਕੈਟਾਗਰੀ ਦੇ ਲੋਕਾਂ ਨੂੰ ਕੈਟਲ ਸ਼ੈਡ ਬਣਾ ਕੇ ਦੇ ਦਿੱਤੇ ਗਏ ਹਨ; ਕਿੰਨੇ ਸ਼ੈਡਾਂ ਦਾ ਕੰਮ ਕੰਪਲੀਟ ਹੋ ਚੁੱਕਿਆ ਹੈ ਅਤੇ ਕਿੰਨੇ ਸ਼ੈਡਾਂ ਦਾ ਕੰਮ ਅਜੇ ਅਧੂਰਾ ਪਿਆ ਹੈ;

ਅ) ਕੈਟਲ ਸ਼ੈਡਾਂ ਦੇ ਲਾਭਪਾਤਰੀ ਬਣਨ ਲਈ ਸਰਕਾਰ ਵੱਲੋਂ ਕੀ-2 ਸ਼ਰਤਾਂ ਰੱਖੀਆਂ ਗਈਆਂ ਹਨ ਅਤੇ ਇਸ ਸਕੀਮ ਦੇ ਲਾਭਪਾਤਰੀ ਲਈ ਕੀ ਸ਼ਰਤਾਂ ਹਨ;

ੲ) ਇਸ ਸਕੀਮ ਤਹਿਤ ਅਪ੍ਰੈਲ, 2017 ਤੋਂ ਹੁਣ ਤੱਕ ਕਿੰਨੀ ਰਕਮ ਰਾਜ ਸਰਕਾਰ ਅਤੇ ਕਿੰਨੀ ਰਕਮ ਕੇਂਦਰ ਸਰਕਾਰ ਵੱਲੋਂ ਖਰਚ ਕੀਤੀ ਹੈ; ਵਿੱਤੀ ਸਾਲਵਾਰ ਵੇਰਵੇ ਸਹਿਤ ਦੱਸਿਆ ਜਾਵੇ?

**ਲਾਲ ਲਕੀਰ ਦੇ ਅੰਦਰ ਬਣੇ ਮਕਾਨਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਮਾਲਕੀ ਹੱਕ ਦੇਣਾ**

90. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਲਾਲ ਲਕੀਰ ਦੇ ਅੰਦਰ ਬਣੇ ਮਕਾਨਾਂ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਘਰਾਂ ਦੇ ਮਾਲਕੀ ਹੱਕ ਦੇਣ ਲਈ ਸੂਬਾ ਸਰਕਾਰ ਵੱਲੋਂ ਅਕਤੂਬਰ, 2021 ਵਿੱਚ ਸ਼ੁਰੂ ਕੀਤੀ ਗਈ "ਮੇਰਾ ਘਰ ਮੇਰੇ ਨਾਮ ਸਕੀਮ" ਤਹਿਤ ਕਿੰਨੇ ਸਮੇਂ ਤੱਕ ਲਾਲ ਲਕੀਰ ਦੇ ਅੰਦਰ ਬਣੇ ਮਕਾਨਾਂ ਵਿੱਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਮਾਲਕੀ ਹੱਕ ਦੇਣ ਦਾ ਟੀਚਾ ਉਲੀਕਿਆ ਗਿਆ ਸੀ ਅਤੇ ਇਸ ਸਕੀਮ ਤਹਿਤ ਹੁਣ ਤੱਕ ਸੂਬਾ ਸਰਕਾਰ ਨੇ ਮਹੀਨਾਵਾਰ ਕਿੰਨੇ ਘਰਾਂ ਦੇ ਲੋਕਾਂ ਨੂੰ ਮਾਲਕੀ ਦੇ ਹੱਕ ਦੇ ਦਿੱਤੇ ਗਏ ਹਨ; ਜ਼ਿਲ੍ਹਾਵਾਰ ਵੇਰਵੇ ਸਹਿਤ ਦੱਸਿਆ ਜਾਵੇ?

**ਵਿੱਤੀ ਸਾਲ 2022-23 ਦੌਰਾਨ ਰਾਜ ਸਰਕਾਰ ਵੱਲੋਂ ਰਾਜ ਦੀ ਆਪਣੇ ਕਰਾਂ ਤੋਂ ਆਮਦਨ ਦੇ ਵੇਰਵੇ**

91. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿੱਤੀ ਸਾਲ 2022-23 ਵਿੱਚ ਰਾਜ ਸਰਕਾਰ ਵੱਲੋਂ ਰਾਜ ਮਾਲੀਆ-ਪ੍ਰਾਪਤੀਆਂ ਅਤੇ ਕੇਂਦਰੀ ਕਰਾਂ ਦੇ ਹਿੱਸੇ ਤੋਂ ਕਿੰਨੀਆਂ-2 ਪ੍ਰਾਪਤੀਆਂ ਹੋ ਚੁੱਕੀਆਂ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਟਾਊਨ ਹਾਲ ਅੰਮ੍ਰਿਤਸਰ ਵਿਖੇ ਸਾਰਾਗੜ੍ਹੀ ਬਹੁ-ਮੰਜਿਲਾ ਕਾਰ ਪਾਰਕਿੰਗ**

88. **ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:-** ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਰਾਗੜ੍ਹੀ ਬਹੁ-ਮੰਜਿਲਾ ਕਾਰ ਪਾਰਕਿੰਗ (ਟਾਊਨ ਹਾਲ ਦੇ ਨੇੜੇ) ਸ਼ੁਰੂਆਤ ਤੋਂ ਹੀ ਕਿਸਦੇ ਕੰਟਰੋਲ ਅਧੀਨ ਹੈ;

ਅ) ਕੀ ਸਰਕਾਰ ਦੀ ਪ੍ਰਣਾਲੀ ਨੂੰ ਸਰਲ ਬਣਾਉਣ ਅਤੇ ਇਸ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਕੋਈ ਯੋਜਨਾ ਹੈ;

ੲ) ਇਸ ਪਾਰਕਿੰਗ ਏਰੀਆ ਨੂੰ ਚਲਾਉਣ ਵਾਲੇ ਠੇਕੇਦਾਰ ਕੌਣ ਹਨ; ਕੰਟਰੈਕਟ ਆਰਡਰ ਦੀ ਕਾਪੀ ਸਮੇਤ ਸ਼ੁਰੂਆਤ ਤੋਂ ਵੇਰਵੇ ਦਿੱਤੇ ਜਾਣ;

ਸ) ਇਸ ਖੇਤਰ ਦੇ ਠੇਕੇ ਦੇਣ ਲਈ ਨਿਯਮਾਂ ਅਤੇ ਪ੍ਰਕ੍ਰਿਆ ਦੀ ਕਾਪੀ ਦਿੱਤੀ ਜਾਵੇ;

ਹ) ਇਸ ਪਾਰਕਿੰਗ ਏਰੀਆ ਦੀ ਨਿਗਰਾਨੀ ਅਤੇ ਕੰਟਰੋਲ ਕਿਹੜਾ ਸਰਕਾਰੀ ਵਿਭਾਗ ਕਰਦਾ ਹੈ;

ਕ) ਕੀ ਇਹ ਠੀਕ ਹੈ ਕਿ ਸਾਰਾਗੜ੍ਹੀ ਬਹੁ-ਮੰਜਿਲਾ ਕਾਰ ਪਾਰਕਿੰਗ ਨੂੰ ਇਕ ਸਰਕਾਰੀ ਸਕੂਲ ਨੂੰ ਢਾਹੁਣ ਤੋਂ ਬਾਅਦ ਉਸਾਰਿਆ ਗਿਆ ਸੀ; ਜੇਕਰ ਹਾਂ ਤਾਂ ਟਾਊਨ ਹਾਲ ਅੰਮ੍ਰਿਤਸਰ ਦੇ ਨੇੜੇ-ਤੇੜੇ ਰਹਿੰਦੇ ਬੱਚਿਆਂ ਦੀ ਪੜਾਈ ਲਈ ਕਿਹੜੇ ਬਦਲਵੇਂ ਪ੍ਰਬੰਧ ਕੀਤੇ ਗਏ ਸਨ;

ਖ) ਇਹ ਪਾਰਕਿੰਗ ਕਦੋਂ ਹੋਂਦ ਵਿੱਚ ਆਈ ਸੀ; ਇਸ ਪ੍ਰੋਜੈਕਟ ਦੇ ਨਿਰਮਾਣ ਉੱਤੇ ਕਿੰਨਾ ਖਰਚਾ ਹੋਇਆ ਸੀ; ਠੇਕੇਦਾਰ ਦੇ ਨਾਮ ਅਤੇ ਉਸਦੀ ਸੰਖੇਪ ਜਾਣਕਾਰੀ ਸਮੇਤ ਹੈੱਡ-ਵਾਰ ਵੇਰਵੇ ਦਿੱਤੇ ਜਾਣ; ਪ੍ਰੋਜੈਕਟ ਕਦੋਂ ਪੂਰਾ ਹੋਇਆ ਸੀ;

ਗ) ਕੀ ਇਹ ਪ੍ਰੋਜੈਕਟ ਫਾਇਦੇ ਵਿੱਚ ਚੱਲ ਰਿਹਾ ਹੈ ਜਾਂ ਨਹੀਂ ਇਸਦੇ ਸ਼ੁਰੂਆਤ ਤੋਂ ਹੀ ਸਾਲ-ਵਾਰ ਵੇਰਵੇ ਦਿੱਤੇ ਜਾਣ?

**ਅਪ੍ਰੈਲ 2015 ਤੋਂ 31 ਮਾਰਚ 2022 ਦੌਰਾਨ ਅੰਮ੍ਰਿਤਸਰ ਉੱਤਰੀ ਹਲਕੇ ਵਿਚ ਵੱਖ-ਵੱਖ ਪ੍ਰੋਜੈਕਟਾਂ ਤੇ ਵਿਕਾਸ ਦੇ ਸਮੁੱਚੇ ਕੰਮਾਂ ਦੇ ਵੇਰਵੇ**

95. **ਕੁੰਵਰ ਵਿਜੇ ਪ੍ਰਤਾਪ ਸਿੰਘ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ 01 ਅਪ੍ਰੈਲ 2015 ਤੋਂ 31 ਮਾਰਚ 2022 ਦੇ ਦੌਰਾਨ ਅੰਮ੍ਰਿਤਸਰ ਉੱਤਰੀ ਹਲਕੇ ਵਿਚ ਵੱਖ-ਵੱਖ ਪ੍ਰੋਜੈਕਟਾਂ ਉੱਤੇ ਹੋਏ ਵਿਕਾਸ ਦੇ ਸਮੁੱਚੇ ਕੰਮਾਂ ਦੇ ਵੇਰਵੇ ਕੀ ਹਨ ਜਿਸ ਵਿੱਚ (ੳ) ਅਜਿਹੇ ਵਿਕਾਸ ਦੇ ਕੰਮਾਂ ਦੇ ਨਾਮ ਅਤੇ ਸਹੀ ਵੇਰਵੇ (ਅ) ਕਾਰਜਕਾਰੀ ਏਜੰਸੀ, (ੲ) ਕਾਰਜ ਇੰਚਾਰਜ (ਸ) ਪ੍ਰੋਜੈਕਟ ਦੀ ਲਾਗਤ, (ਹ) ਠੇਕੇਦਾਰ (ਕ) ਕੰਮ/ਪ੍ਰੋਜੈਕਟ ਦੇ ਸ਼ੁਰੂ ਹੋਣ ਦੀ ਮਿਤੀ (ਖ) ਕੰਮ/ਪ੍ਰੋਜੈਕਟ ਦੇ ਪੂਰਾ ਹੋਣ ਦੀ ਮਿਤੀ ਆਦਿ ਸ਼ਾਮਿਲ ਹਨ ਅਤੇ ਉਪਰੋਕਤ ਵੇਰਵਿਆਂ ਵਿਚ (i) ਅੰਮ੍ਰਿਤਸਰ ਇੰਪਰੂਵਮੈਂਟ ਟਰੱਸਟ (ii) ਨਗਰ ਨਿਗਮ. ਅੰਮ੍ਰਿਤਸਰ (iii) ਲੋਕ ਨਿਰਮਾਣ ਵਿਭਾਗ (ਭ ਅਤੇ ਮ) (iv) ਪੀ.ਡਬਲਿਊ.ਡੀ. ਸਿੰਚਾਈ, (v) ਏ.ਡੀ.ਏ./ਪੀ.ਯੂ.ਡੀ.ਏ, (vi) ਪੰਜਾਬ ਮੰਡੀ ਬੋਰਡ, (vii) ਕੋਈ ਹੋਰ ਏਜੰਸੀ/ਸੰਸਥਾ ਦੁਆਰਾ ਕੀਤੇ ਗਏ ਵਿਕਾਸ ਦੇ ਕਾਰਜ ਵੀ ਸ਼ਾਮਿਲ ਹਨ?

**ਰਾਜ ਵਿੱਚ ਆਟਾ ਦਾਲ ਸਕੀਮ ਦੇ ਲਾਭਪਾਤਰੀਆਂ ਦੇ ਨੀਲੇ ਕਾਰਡਾਂ ਦੇ ਵੇਰਵੇ**

98. **1. ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਐਮ.ਐਲ.ਏ.)**

**2. ਸ਼੍ਰੀ ਬੁੱਧ ਰਾਮ, ਐਮ.ਐਲ.ਏ.) :--** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਆਟਾ ਦਾਲ ਸਕੀਮ ਦੇ ਜਿਹੜੇ ਗਰੀਬ ਲਾਭਪਾਤਰੀਆਂ ਦੇ ਨੀਲੇ ਕਾਰਡ ਕਿਸੇ ਕਾਰਨ ਕੱਟੇ ਗਏ ਹਨ, ਉਨ੍ਹਾਂ ਲੋਕਾਂ ਦੇ ਕਾਰਡ ਬਣਾਉਣ ਜਾਂ ਹੋਰ ਨਵੇਂ ਨੀਲੇ ਕਾਰਡ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ;

ਅ) ਕੀ ਇਹ ਠੀਕ ਹੈ ਕਿ ਬੁਢਲਾਡਾ ਸਬ ਡਵੀਜ਼ਨ ਵਿੱਚ ਹਜਾਰਾਂ ਲੋੜਵੰਦ ਅਜਿਹੇ ਪਰਿਵਾਰ ਹਨ, ਜਿਹਨਾਂ ਦੇ ਆਟਾ ਦਾਲ ਦੇ ਕਾਰਡ 2-3 ਸਾਲਾਂ ਤੋਂ ਕੱਟ ਦਿੱਤੇ ਗਏ ਹਨ; ਜੇਕਰ ਅਜਿਹਾ ਹੈ ਤਾਂ ਵਿਭਾਗ ਅਜਿਹੇ ਅਸਲ ਗਰੀਬ, ਲੋੜਵੰਦ ਪਰਿਵਾਰਾਂ ਦੇ ਆਟਾ ਦਾਲ ਦੇ ਕਾਰਡ ਕਦੋਂ ਤੱਕ ਨਵੇਂ ਬਣਾ ਦੇਵੇਗੀ?

**ਮੋਗਾ ਦੇ ਵਸਨੀਕਾਂ ਲਈ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ**

99. **ਸ਼੍ਰੀਮਤੀ ਅਮਨਦੀਪ ਕੌਰ ਅਰੋੜਾ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੋਗਾ ਸ਼ਹਿਰ ਵਿਖੇ ਧਰਤੀ ਹੇਠਲਾ ਪਾਣੀ ਕੁਆਲਿਟੀ ਅਫੈਕਟਿਡ ਹੁੰਦਾ ਜਾ ਰਿਹਾ ਹੈ ਅਤੇ ਪਾਣੀ ਦਾ ਪੱਧਰ ਵੀ ਨੀਵਾਂ ਹੁੰਦਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਪੀਣ ਵਾਲੇ ਸ਼ੁੱਧ ਪਾਣੀ ਦੀ ਸਪਲਾਈ ਦੇਣ ਲਈ ਸਰਫੇਸ ਵਾਟਰ ਪ੍ਰੋਜੈਕਟ ਤਹਿਤ ਕਵਰ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

ਪਰਤੋਂ ਜੀ.....

**ਐਮ.ਡੀ. ਪਾਸ ਡਾਕਟਰਾਂ ਤੋਂ ਦੋ ਸਾਲ ਸਰਕਾਰੀ ਸੇਵਾਵਾਂ ਲੈਣਾ**

100. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸੂਬੇ ਦੇ ਸਰਕਾਰੀ ਮੈਡੀਕਲ ਕਾਲਜਾਂ ਵਿੱਚ ਐਮ.ਬੀ.ਬੀ.ਐਸ. ਤੋਂ ਬਾਅਦ ਐਮ.ਡੀ. ਕਰ ਰਹੇ ਵਿਦਿਆਰਥੀਆਂ ਕੋਲੋਂ ਦਾਖਲੇ ਵੇਲੇ ਦੋ ਸਾਲ ਸਰਕਾਰੀ ਨੌਕਰੀ ਕਰਨ ਦਾ ਬਾਂਡ (Bond) ਭਰਵਾਇਆ ਜਾਂਦਾ ਹੈ ਅਤੇ ਕੀ ਮਹਿਕਮਾ ਉਹ ਬਾਂਡ (Bond) ਲਾਗੂ ਕਰਕੇ ਐਮ.ਡੀ. ਪਾਸ ਕਰਨ ਵਾਲੇ ਵਿਦਿਆਰਥੀਆਂ ਤੋਂ ਦੋ ਸਾਲ ਸਰਕਾਰੀ ਸੇਵਾਵਾਂ ਲੈ ਰਿਹਾ ਹੈ; ਜੇਕਰ ਅਜਿਹਾ (Bond) ਹੋਵੇ ਤਾਂ ਪਿਛਲੇ 10 ਸਾਲਾਂ ਵਿੱਚ ਅਜਿਹੇ ਕਿੰਨੇ ਐਮ.ਬੀ.ਬੀ.ਐਸ. ਤੋਂ ਬਾਅਦ ਸਿੱਧੇ ਐਮ.ਡੀ. ਪਾਸ ਡਾਕਟਰਾਂ ਤੋਂ ਦੋ-ਦੋ ਸਾਲ ਸਰਕਾਰੀ ਸੇਵਾਵਾਂ ਲਈਆਂ ਗਈਆਂ ਹਨ ਜਾਂ ਕਿੰਨਿਆਂ ਕੋਲੋਂ ਸੇਵਾਵਾਂ ਨਾ ਦੇਣ ਕਾਰਨ ਬਾਂਡ ਦੀ ਰਕਮ ਵਸੂਲੀ ਗਈ ਹੈ?

**ਪੰਜਾਬ ਦੇ ਕਾਲਜਾਂ ਵਿੱਚ ਐਡਹਾਕ ਲੈਕਚਰਾਰਾਂ ਅਤੇ ਗੈਸਟ ਫੈਕਲਟੀ ਨੂੰ ਰੈਗੂਲਰ ਕਰਨਾ**

101. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਰਕਾਰ ਦੇ ਮਿਤੀ 03.12.2011 ਦੇ ਕੈਬਨਿਟ ਦੇ ਫੈਸਲੇ ਅਨੁਸਾਰ ਪੰਜਾਬ ਦੇ ਕਾਲਜਾਂ ਵਿੱਚ ਪਾਰਟ ਟਾਈਮ/ਐਡਹਾਕ ਲੈਕਚਰਾਰਾਂ/ ਅਸਿਸਟੈਂਟ ਪ੍ਰੋਫੈਸਰਾਂ/ਗੈਸਟ ਫੈਕਲਟੀ ਨੂੰ ਰੈਗੂਲਰ ਕਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਕਾਰੀ ਸਕੂਲ ਦੇ ਬੱਚਿਆਂ ਦੇ ਮੁਕਾਬਲੇ ਕਰਵਾਉਣਾ**

102. **ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ "ਖੇਡਾਂ ਵਤਨ ਪੰਜਾਬ ਦੀਆਂ" ਦੀ ਤਰਜ਼ ਤੇ ਰਾਜ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਵੀ ਮੁਕਾਬਲੇ ਕਰਵਾਕੇ ਲਾਈਵ ਟੈਲੀਕਾਸਟ ਕੀਤੇ ਜਾਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਜ਼ਿਲ੍ਹਾ ਬਰਨਾਲਾ ਨੂੰ ਸੇਮ ਜੋਨ ਵਿੱਚੋਂ ਬਾਹਰ ਕੱਢ ਕੇ ਨਹਿਰੀ ਪਾਣੀ ਦੀ ਪੂਰਤੀ ਕਰਨਾ**

103. **ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਬਰਨਾਲਾ ਨੂੰ ਸੇਮ ਜੋਨ ਵਿੱਚੋਂ ਬਾਹਰ ਕੱਢ ਕੇ ਨਹਿਰੀ ਪਾਣੀ ਦੀ ਪੂਰਤੀ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਪਿੰਡ ਘੁੰਨਸ ਦੇ ਗੰਦੇ ਨਾਲੇ ਦੀ ਸਫਾਈ ਕਰਵਾਉਣਾ**

104. **ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਘੁੰਨਸ ਵਿੱਚੋਂ ਦੀ ਇੱਕ ਗੰਦਾ ਨਾਲਾ ਪਿੰਡ ਦੀ ਆਬਾਦੀ ਦੇ ਵਿੱਚੋਂ ਦੀ ਲੰਘਦਾ ਹੈ ਜੋ ਕਿ ਕੱਚਾ ਅਤੇ ਬਹੁਤ ਖਰਾਬ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਪੱਕਾ ਕਰਨ ਅਤੇ ਇਸਦੀ ਸਫਾਈ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਮੰਡੀਆਂ ਵਿੱਚ ਕੰਪਿਊਟਰ ਕੰਡਿਆਂ (ਭਾਰ ਤੋਲਕ) ਦਾ ਪ੍ਰਬੰਧ ਕਰਨਾ**

105. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਣਕ, ਝੋਨੇ ਜਾਂ ਹੋਰ ਫਸਲ ਜਦੋਂ ਮੰਡੀਆਂ ਵਿੱਚ ਆਉਂਦੀਆਂ ਹਨ ਤਾਂ ਉਸ ਫਸਲ ਨੂੰ ਪੁਰਾਣੇ ਕੰਡਿਆਂ (ਤੋਲਕ) ਨਾਲ ਤੋਲਿਆ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਵਿਭਾਗ ਮੰਡੀਆਂ ਵਿੱਚ ਫਸਲ ਤੋਲਣ ਲਈ ਕੰਪਿਊਟਰ ਕੰਡਿਆਂ (ਤੋਲਕ) ਦਾ ਪ੍ਰਬੰਧ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

**ਪਿੰਡਾਂ ਦੇ ਵਿਕਾਸ ਕਾਰਜਾਂ ਲਈ ਸੀਮਿੰਟ, ਰੇਤਾ ਅਤੇ ਬਜਰੀ ਦੇ ਸਹੀ ਰੇਟ ਤਹਿ ਕਰਨਾ**

106. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡਾਂ ਵਿੱਚ ਪੰਚਾਇਤਾਂ ਵੱਲੋਂ ਵਿਕਾਸ ਕਾਰਜ ਨਹੀਂ ਕਰਵਾਏ ਜਾ ਰਹੇ ਕਿਉਂਕਿ ਸੀਮਿੰਟ, ਰੇਤਾ, ਬਜਰੀ ਦੇ ਰੇਟ ਸਰਕਾਰੀ ਰੇਟਾਂ ਨਾਲ ਮੇਲ ਨਹੀਂ ਖਾਂਦੇ; ਜੇਕਰ ਅਜਿਹਾ ਹੈ ਤਾਂ ਸਰਕਾਰ ਕਦੋਂ ਤੱਕ ਇਹਨਾਂ ਦੇ ਰੇਟਾਂ ਵਿੱਚ ਸੋਧ ਕਰੇਗੀ?

**ਬੁਢਲਾਡਾ ਦੇ ਪਿੰਡਾਂ ਵਿੱਚੋਂ ਲੰਘ ਰਹੀਆਂ ਡਰੇਨਾਂ ਦੇ ਪੁੱਲ ਬਣਾਉਣਾ**

107. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਤਿੰਨ ਪਿੰਡਾਂ ਮੰਢਾਲੀ, ਗੁਰਨੇ, ਖੁਰਦ-ਹਸਨਪੁਰ ਅਤੇ ਅੱਕਾਂ ਵਾਲੀ ਵਿੱਚੋਂ ਲੰਘ ਰਹੇ ਡਰੇਨਾਂ ਦੇ ਪੁਲ ਬਹੁਤ ਨੀਵੇਂ ਹਨ, ਜਿਸ ਨਾਲ ਉਸ ਵਿੱਚ "ਜੰਗਲੀ ਘਾਸ" ਫਸ ਜਾਂਦੀ ਹੈ ਅਤੇ ਇਨ੍ਹਾਂ ਪਿੰਡਾਂ ਵਿੱਚ ਹੜ੍ਹ ਵਰਗੀ ਸਥਿਤੀ ਬਣ ਜਾਂਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਪਿੰਡਾਂ ਦੀਆਂ ਡਰੇਨਾਂ ਦੇ ਪੁੱਲ ਕਦੋਂ ਤੱਕ ਬਣਾ ਦਿੱਤੇ ਜਾਣਗੇ?

**ਖਡੂਰ ਸਾਹਿਬ ਵਿਖੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਜਿਮਾਂ ਦਾ ਪ੍ਰਬੰਧ ਕਰਨਾ**

108. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:-** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਖਡੂਰ ਸਾਹਿਬ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਅਤੇ ਖੇਡਾਂ ਨਾਲ ਜੋੜਨ ਦੇ ਲਈ ਜਿਮਾ ਖੋਲ੍ਹਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ ਜਿਮਾਂ ਖੋਲ੍ਹ ਦਿੱਤੀਆਂ ਜਾਣਗੀਆਂ?

**ਖਡੂਰ ਸਾਹਿਬ ਦੇ ਪਿੰਡ ਕੰਗ ਵਿੱਚ ਬਣਾਈ ਚੌਂਕੀ ਤਬਦੀਲ ਕਰਨਾ**

109. **ਸਰਦਾਰ ਮਨਜਿੰਦਰ ਸਿੰਘ ਲਾਲਪੁਰਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਖਡੂਰ ਸਾਹਿਬ ਦੇ ਪਿੰਡ ਕੰਗ ਵਿੱਚ ਪੁਲਿਸ ਚੌਂਕੀ ਇੱਕ ਖਰਾਬ ਹਾਲਤ ਦੇ ਮਕਾਨ ਵਿੱਚ ਕੰਮ ਕਰ ਰਹੀ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਚੌਂਕੀ ਦੇ ਕਿਸੇ ਸਰਕਾਰੀ ਬਿਲਡਿੰਗ ਵਿੱਚ ਸ਼ਿਫਟ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਇਹ ਚੌਂਕੀ ਕਦੋਂ ਤੱਕ ਕਿਸੇ ਸਰਕਾਰੀ ਬਿਲਡਿੰਗ ਵਿੱਚ ਸ਼ਿਫਟ ਕਰ ਦਿੱਤੀ ਜਾਵੇਗੀ?

**ਹਲਕਾ ਸਨੌਰ ਅਧੀਨ ਆਉਂਦੇ ਪਿੰਡਾਂ ਲਈ ਲੜਕੀਆਂ ਦਾ ਕਾਲਜ ਬਣਾਉਣਾ**

120. **ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਹਲਕਾ ਸਨੌਰ ਅਧੀਨ ਆਉਂਦੇ ਪਿੰਡਾਂ ਲਈ ਕੋਈ ਲੜਕੀਆਂ ਦਾ ਕਾਲਜ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਕਾਲਜ ਬਣਾ ਦਿੱਤਾ ਜਾਵੇਗਾ?

**ਘੋੜਸਵਾਰੀ ਨੂੰ ਪ੍ਰੱਫੁਲਿਤ ਕਰਨ ਲਈ ਮੁਕਾਬਲੇ ਕਰਵਾਉਣਾ**

121. **ਸਰਦਾਰ ਹਰਮੀਤ ਸਿੰਘ ਪਠਾਣਮਾਜਰਾ, ਐਮ.ਐਲ.ਏ.:-** ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਘੋੜਸਵਾਰੀ ਵੱਲ ਵਧਦੇ ਉਤਸਾਹ ਨੂੰ ਦੇਖਦੇ ਹੋਏ ਘੋੜਸਵਾਰੀ ਨੂੰ ਪ੍ਰੱਫੁਲਿਤ ਕਰਨ ਵਾਸਤੇ ਘੋੜਿਆਂ ਦੀਆਂ ਦੌੜਾਂ ਦੇ ਮੁਕਾਬਲੇ ਅਤੇ ਘੋੜਿਆਂ ਦੇ ਸੁਰੱਖਿਆ ਬੀਮੇ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਕਰ ਦਿੱਤਾ ਜਾਵੇਗਾ?

ਚੰਡੀਗੜ੍ਹ
ਮਿਤੀ 02 ਮਾਰਚ, 2023

ਸੁਰਿੰਦਰ ਪਾਲ,
ਸਕੱਤਰ,
ਪੰਜਾਬ ਵਿਧਾਨ ਸਭਾ।